ਅਤਿ ਜਰੂਰੀ
ਮਿਤੀਬੱਧ

ਪੰਜਾਬ ਸਰਕਾਰ
ਪੇਂਡੂ ਵਿਕਾਸ ਅਤੇ ਪੰਚਾਇਤ ਵਿਭਾਗ
(ਕਾਨੂੰਨੀ ਸ਼ਾਖਾ)

ਸੇਵਾ ਵਿਖੇ

1. ਸਮੂਹ ਮੁੱਖ ਕਾਰਜ਼ਕਾਰੀ ਅਫ਼ਸਰ, ਜ਼ਿਲਾ ਪ੍ਰੀਸ਼ਦ
2. ਸਮੂਹ ਬਲਾਕ ਵਿਕਾਸ ਅਤੇ ਪੰਚਾਇਤ ਅਫ਼ਸਰ-ਕਮ-ਕਾਰਜ਼ ਸਾਧਕ ਅਫ਼ਸਰ, ਪੰਚਾਇਤ ਸੰਮਤੀ

ਪੱਤਰ ਨੰਬਰ: ਕਾ.ਫ.6(8)/ਫੀਸ/2009/4047-4208
ਚੰਡੀਗੜ੍ਹ, ਮਿਤੀ 5-2-2009

ਵਿਸ਼ਾ- ਵੱਖ ਵੱਖ ਅਦਾਲਤੀ ਕੇਸਾਂ ਵਿੱਚ ਵਕੀਲਾਂ ਦੀ ਫੀਸ ਨਿਰਧਾਰਿਤ ਕਰਨ ਸਬੰਧੀ।

ਹਵਾਲਾ:- ਇਸ ਵਿਭਾਗ ਦਾ ਮੀਮੋ ਨੰਬਰ ਡੀ.ਡੀ.ਐਲ.ਏ.-4/2001-8779-8967, ਮਿਤੀ 30-10-2001

ਗਰਾਮ ਪੰਚਾਇਤਾਂ ਨਾਲ ਸਬੰਧਤ ਵੱਖ ਵੱਖ ਕੋਰਟ ਕੇਸਾਂ ਵਿੱਚ ਹਵਾਲੇ ਵਿੱਚ ਦਰਸਾਏ ਪੱਤਰ ਰਾਹੀਂ ਹੇਠ ਲਿਖੇ ਅਨੁਸਾਰ ਫੀਸਾਂ ਨਿਰਧਾਰਿਤ ਕੀਤੀਆਂ ਗਈਆਂ ਸਨ:-

| ਲੜੀ ਨੰ: | ਕੋਰਟ ਅਧਿਕਾਰੀ ਦਾ ਨਾਂ ਅਤੇ ਐਕਟ ਦੇ ਉਪਬੰਧਾਂ ਜ਼ਿਲਾ ਅਧੀਨ ਪਟੀਸ਼ਨ/ਅਪੀਲ ਆਦਿ ਦਾਇਰ ਕੀਤੀ ਗਈ ਹੈ। | ਵਕੀਲ ਨੂੰ ਵੱਧ ਤੋਂ ਵੱਧ ਅਦਾ ਹੋਣ ਯੋਗ ਫੀਸ |
|---|---|---|
| 1 | ਕੁਲੈਕਟਰ ਦੀ ਅਦਾਲਤ ਵਿੱਚ ਪੰਜਾਬ ਵਿਲੇਜ਼ ਕਾਮਨ ਲੈਂਡਜ਼ (ਰੈਗੂਲੇਸ਼ਨ) ਐਕਟ ਦੀ ਧਾਰਾ 7, 10 ਏ ਅਤੇ ਪੰਜਾਬ ਵਿਲੇਜ ਕਾਮਨ ਲੈਂਡਜ (ਰੈਗੂਲੇਸ਼ਨ) ਰੂਲਜ, 1964 ਦੇ ਰੂਲ 20 ਏ ਅਤੇ ਪੀ.ਪੀ.ਐਕਟ ਤਹਿਤ ਕੇਸ। | 2500/- ਪ੍ਰਤੀ ਕੇਸ |
| 2. | ਕੁਲੈਕਟਰ ਦੀ ਅਦਾਲਤ ਵਿੱਚ ਪੰਜਾਬ ਵਿਲੇਜ਼ ਕਾਮਨ ਲੈਂਡਜ਼ (ਰੈਗੂਲੇਸ਼ਨ) ਐਕਟ, 1961 ਦੀ ਧਾਰਾ 11 ਅਧੀਨ ਕੇਸ | 4000/- ਪ੍ਰਤੀ ਕੇਸ |
| 3. | ਕਮਿਸ਼ਨਰ ਦੀ ਅਦਾਲਤ ਵਿੱਚ ਅਪੀਲ | 5000/ ਪ੍ਰਤੀ ਕੇਸ |
| 4. | ਡਾਇਰੈਕਟਰ-ਕਮ-ਸਪੈਸ਼ਲ ਸਕੱਤਰ ਦੀ ਅਦਾਲਤ ਵਿੱਚ ਕੇਸ ਜਿਵੇਂ ਮਤਾ ਕੈਂਸਲ ਕਰਨਾ, ਧਾਰਾ 20 ਅਤੇ 216 ਦੇ ਕੇਸ ਜਾਂ ਹੋਰ ਪੰਜਾਬ ਪੰਚਾਇਤੀ ਰਾਜ ਐਕਟ, 1994 ਦੀ ਕਿਸੇ ਧਾਰਾ ਅਧੀਨ ਕੇਸ | 5000/- ਪ੍ਰਤੀ ਕੇਸ |
| 5. | ਰਿੱਟਾਂ ਅਤੇ ਅਪੀਲਾਂ ਆਦਿ | 8000/- ਪ੍ਰਤੀ ਕੇਸ |
| 6. | ਸੁਪਰੀਮ ਕੋਰਟ ਵਿੱਚ ਐਸ.ਐਲ.ਪੀਜ਼ | 11,000/- ਪ੍ਰਤੀ ਕੇਸ |

ਇਸ ਸਬੰਧ ਵਿੱਚ ਇਹ ਵੇਖਣ ਵਿੱਚ ਆਇਆ ਹੈ ਕਿ ਗਰਾਮ ਪੰਚਾਇਤਾਂ ਵੱਲੋਂ ਉਪਰੋਕਤ ਅਨੁਸਾਰ ਨਿਰਧਾਰਿਤ ਕੀਤੀਆਂ ਫੀਸਾਂ ਤੋਂ ਜਿਆਦਾ ਫੀਸਾਂ ਆਪਣੇ ਪੱਧਰ ਤੇ ਹੀ ਵਕੀਲਾਂ ਨੂੰ ਅਦਾ ਕੀਤੀਆਂ ਜਾ ਰਹੀਆਂ ਹਨ ਜਦੋਂ ਕਿ ਇਨ੍ਹਾ ਹਦਾਇਤਾਂ ਅਨੁਸਾਰ ਇਹ ਕਿਹਾ ਗਿਆ ਸੀ ਕਿ ਜੇਕਰ ਕਿਤੇ ਜਿਆਦਾ ਫੀਸ

ਦੇਣ ਦੀ ਜਰੂਰਤ ਹੋਵੇ ਤਾਂ ਉਸ ਦੀ ਪੂਰਵ ਪ੍ਰਵਾਨਗੀ ਡਾਇਰੈਕਟਰ, ਪੇਂਡੂ ਵਿਕਾਸ ਅਤੇ ਪੰਚਾਇਤ ਤੋਂ ਕੇਸ ਦੀ ਮਹੱਤਤਾ ਦਸਦੇ ਹੋਏ ਪ੍ਰਵਾਨਗੀ ਲੈਣ ਉਪਰੰਤ ਹੀ ਅਦਾਇਗੀ ਕੀਤੀ ਜਾਵੇ।

ਇਹ ਇਕ ਗੰਭੀਰ ਮਾਮਲਾ ਹੈ ਅਤੇ ਇਸ ਵਿੱਚ ਵੱਡੇ ਪੱਧਰ ਤੇ ਬੇਕਾਇਦਗੀਆਂ ਦੀ ਸੰਭਾਵਨਾ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ। ਇਸ ਲਈ ਮੁੱਖ ਕਾਰਜਕਾਰੀ ਅਫ਼ਸਰਾਂ, ਜ਼ਿਲਾ ਪ੍ਰੀਸ਼ਦ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਆਪਣੀ ਜ਼ਿਲਾ ਪ੍ਰੀਸ਼ਦ ਦੇ ਕੋਰਟ ਕੇਸਾਂ ਵਿੱਚ ਪਿਛਲੇ 3 ਸਾਲ ਦੌਰਾਨ ਵਕੀਲਾਂ ਨੂੰ ਅਦਾ ਕੀਤੀਆਂ ਫੀਸਾਂ ਦਾ ਵੇਰਵਾ ਇਸ ਦਫ਼ਤਰ ਨੂੰ ਭੇਜਿਆ ਜਾਵੇ। ਸਮੂਹ ਬਲਾਕ ਵਿਕਾਸ ਅਤੇ ਪੰਚਾਇਤ ਅਫ਼ਸਰ-ਕਮ-ਕਾਰਜ ਸਾਧਕ ਅਫ਼ਸਰਾਂ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਪੰਚਾਇਤ ਸੰਮਤੀਆਂ ਵੱਲੋਂ ਪਿਛਲੇ 3 ਸਾਲ ਦੇ ਦੌਰਾਨ ਵਕੀਲਾਂ ਨੂੰ ਅਦਾ ਕੀਤੀ ਫੀਸਾਂ ਦਾ ਵੇਰਵਾ ਅਤੇ ਆਪਣੇ ਬਲਾਕ ਵਿੱਚ ਪੈਂਦੀਆਂ ਗਰਾਮ ਪੰਚਾਇਤਾਂ ਵੱਲੋਂ ਪਿਛਲੇ 3 ਸਾਲ ਦੌਰਾਨ ਵਕੀਲਾਂ ਨੂੰ ਕੋਰਟ ਕੇਸਾਂ ਦੇ ਸਬੰਧ ਵਿੱਚ ਅਦਾ ਕੀਤੀਆਂ ਫੀਸਾਂ ਦਾ ਵੇਰਵਾ 15 ਦਿਨਾਂ ਦੇ ਅੰਦਰ ਅੰਦਰ ਇਸ ਦਫ਼ਤਰ ਨੂੰ ਭੇਜਿਆ ਜਾਵੇ। ਇਸ ਨੂੰ ਅਤਿ ਜਰੂਰੀ ਸਮਝਿਆ ਜਾਵੇ ਅਤੇ ਲੋੜੀਂਦੀ ਸੂਚਨਾ ਨਿਰਧਾਰਿਤ ਸਮੇਂ ਦੇ ਅੰਦਰ ਅੰਦਰ ਭੇਜਣੀ ਯਕੀਨੀ ਬਣਾਈ ਜਾਵੇ। ਇਸ ਤੋਂ ਇਲਾਵਾ ਇਹ ਹੁਕਮ ਕੀਤਾ ਜਾਂਦਾ ਹੈ ਕਿ ਜਦੋਂ ਤੱਕ ਇਸ ਮਾਮਲੇ ਵਿੱਚ ਵਿਭਾਗ ਵੱਲੋਂ ਕੋਈ ਅਗਲਾ ਫੈਸਲਾ ਨਹੀਂ ਲਿਆ ਜਾਂਦਾ ਤਾਂ ਉਸ ਵਕਤ ਤੱਕ ਵਕੀਲਾਂ ਨੂੰ ਫੀਸਾਂ ਦੀ ਕੋਈ ਅਦਾਇਗੀ ਨਾ ਕੀਤੀ ਜਾਵੇ।

ਡਾਇਰੈਕਟਰ, ਪੇਂਡੂ ਵਿਕਾਸ ਅਤੇ
ਪੰਚਾਇਤ, ਪੰਜਾਬ, ਚੰਡੀਗੜ੍ਹ।